# ਜਦੋਂ ਹੜ੍ਹ ਆਉਂਦਾ ਹੈ
# ਨਿੱਜੀ ਸੁਰੱਖਿਆ ਲਈ ਸੁਝਾਅ
# When Flooding Occurs
# Personal Safety Tips

**ਹੜ੍ਹ ਆਉਣ ’ਤੇ ਸੁਰੱਖਿਆ ਨਾਲ ਸੰਬੰਧਿਤ ਅੱਗੇ ਲਿਖੇ ਸੁਝਾਵਾਂ ’ਤੇ ਵਿਚਾਰ ਕਰੋ:**

- ਹੜ੍ਹ ਹੌਲੀ ਹੌਲੀ ਜਾਂ ਤੇਜ਼ੀ ਨਾਲ ਆ ਸਕਦੇ ਹਨ, ਪਰ ਇਹ ਆਮ ਤੌਰ ’ਤੇ ਕੁਝ ਘੰਟਿਆਂ ਜਾਂ ਦਿਨਾਂ ਵਿੱਚ ਆਉਂਦੇ ਹਨ
- ਹੜ੍ਹ ਦੀ ਮਾਰ ਹੇਠ ਆਉਣ ਦੀ ਸੰਭਾਵਨਾ ਵਾਲੇ ਇਲਾਕਿਆਂ ਦੇ ਸਥਾਨਕ ਅਧਿਕਾਰੀ ਵਸਨੀਕਾਂ ਨੂੰ ਜਾਣਕਾਰੀ ਦਿੰਦੇ ਰਹਿਣਗੇ
- ਗੱਡੀ ਧਿਆਨ ਨਾਲ ਚਲਾਉ - ਜੇ ਤੁਸੀਂ ਸਫ਼ਰ ਕਰਨ ਦੀ ਵਿਉਂਤ ਬਣਾ ਰਹੇ ਹੋ ਤਾਂ ਹਾਈਵੇਅ ਦੀ ਮੌਜੂਦਾ ਹਾਲਤ ਬਾਰੇ ਜਾਣੋ ਅਤੇ ਇਹ ਪਤਾ ਲਾਉ ਕਿ ਕੋਈ ਸੜਕ ਬੰਦ ਤਾਂ ਨਹੀਂ ਕੀਤੀ ਗਈ। ਤੁਰਨ ਤੋਂ ਪਹਿਲਾਂ www.drivebc.ca ਵੈੱਬਸਾਈਟ ਚੈੱਕ ਕਰੋ
- ਹੜ੍ਹ ਦੇ ਪਾਣੀ ਵਿੱਚ ਦੀ ਗੱਡੀ ਨਾ ਚਲਾਉ। ਪਾਣੀ ਉਸ ਨਾਲੋਂ ਜ਼ਿਆਦਾ ਡੂੰਘਾ ਹੋ ਸਕਦਾ ਹੈ ਜਿੰਨਾ ਇਹ ਦਿਖਾਈ ਦਿੰਦਾ ਹੈ, ਅਤੇ ਪਾਣੀ ਦਾ ਪੱਧਰ ਬਹੁਤ ਤੇਜ਼ੀ ਨਾਲ ਚੜ੍ਹ ਸਕਦਾ ਹੈ
- ਜੇ ਤੁਸੀਂ ਕੈਂਪਿੰਗ ਜਾਂ ਹਾਈਕਿੰਗ ਲਈ ਜਾ ਰਹੇ ਹੋ ਤਾਂ ਛੋਟੀਆਂ ਨਦੀਆਂ ਨਾਲਿਆਂ ਅਤੇ ਦਰਿਆਵਾਂ ਦੇ ਨੇੜੇ ਜਾਣ ਤੋਂ ਪਰਹੇਜ਼ ਕਰੋ ਕਿਉਂਕਿ ਉਨ੍ਹਾਂ ਵਿੱਚੋਂ ਨਿਕਲਦੇ ਨਾਲੇ ਭੀੜੇ ਹੁੰਦੇ ਹਨ ਅਤੇ ਤੇਜ਼ੀ ਨਾਲ ਭਰ ਸਕਦੇ ਹਨ। ਇਸ ਦੇ ਨਾਲ ਹੀ, ਖੁਰ ਗਏ ਕੰਢੇ ਜ਼ਮੀਨ ਨੂੰ ਅਸਥਿਰ ਕਰ ਦਿੰਦੇ ਹਨ
- ਸਭ ਤੋਂ ਜ਼ਰੂਰੀ, ਬੱਚਿਆਂ ਅਤੇ ਪਾਲਤੂ ਜਾਨਵਰਾਂ ਨੂੰ ਨਦੀਆਂ ਦੇ ਕੰਢਿਆਂ ਤੋਂ ਦੂਰ ਰੱਖੋ
- ਬਦਲ ਰਹੇ ਹਾਲਾਤ ਤੋਂ ਸੁਚੇਤ ਰਹੋ, ਖਾਸ ਕਰਕੇ ਜੇ ਤੁਸੀਂ ਨੀਵੇਂ ਇਲਾਕੇ ਵਿੱਚ ਜਾਂ ਨਹਿਰਾਂ ਦੇ ਨੇੜੇ ਰਹਿੰਦੇ ਹੋ
- ਕੁਝ ਇੰਚਾਂ ਨਾਲੋਂ ਜ਼ਿਆਦਾ ਡੂੰਘੇ ਪਾਣੀ ਵਿੱਚ ਦੀ ਨਾ ਤੁਰੋ, ਕਿਉਂਕਿ ਤੁਹਾਡੇ ਪੈਰ ਉੱਖੜ ਸਕਦੇ ਹਨ। ਠੋਕਰ ਲੱਗਣ ਦੇ ਖ਼ਤਰੇ ਦਾ ਧਿਆਨ ਰੱਖੋ
- ਸਥਾਨਕ ਐਮਰਜੰਸੀ ਅਧਿਕਾਰੀਆਂ ਵਲੋਂ ਦਿੱਤੀਆਂ ਗਈਆਂ ਹਿਦਾਇਤਾਂ ਦੀ ਹਮੇਸ਼ਾਂ ਪਾਲਣਾ ਕਰੋ
- ਐਮਰਜੰਸੀ ਦੇ ਸਬੰਧ ਵਿੱਚ ਨਿੱਜੀ ਤਿਆਰੀ ਬਾਰੇ ਜਾਣਕਾਰੀ ਇਸ ਵੈੱਬਸਾਈਟ ਤੋਂ ਦੇਖੀ ਜਾ ਸਕਦੀ ਹੈ: www.pep.bc.ca
- ਇਕ ਐਮਰਜੰਸੀ ਸਪਲਾਈ ਕਿੱਟ ਤਿਆਰ ਕਰੋ ਜਿਸ ਵਿੱਚ ਖਾਣ ਪੀਣ ਦੀਆਂ ਚੀਜ਼ਾਂ, ਪਾਣੀ, ਜ਼ਰੂਰੀ ਪੇਪਰ, ਜ਼ਰੂਰੀ ਦਵਾਈਆਂ, ਫਲੈਸ਼ਲਾਈਟ, ਫਸਟ ਏਡ ਕਿੱਟ ਅਤੇ ਬੈਟਰੀ ਨਾਲ ਚੱਲਣ ਵਾਲਾ ਰੇਡੀਓ ਅਤੇ ਹੋਰ ਚੀਜ਼ਾਂ ਸ਼ਾਮਲ ਹੋਣ
- ਜੇ ਤੁਸੀਂ ਹੜ੍ਹਾਂ ਦੇ ਜ਼ਿਆਦਾ ਖ਼ਤਰੇ ਵਾਲੇ ਕਿਸੇ ਇਲਾਕੇ ਵਿੱਚ ਰਹਿੰਦੇ ਹੋ ਤਾਂ ਆਪਣੇ ਪਰਿਵਾਰ ਨੂੰ ਘਰ ਛੱਡ ਕੇ ਜਾਣ ਦੀ ਸੰਭਾਵਨਾ ਲਈ ਤਿਆਰ ਕਰੋ
- ਐਮਰਜੰਸੀ ਅਧਿਕਾਰੀਆਂ ਵਲੋਂ ਦਿੱਤੀਆਂ ਗਈਆਂ ਹਿਦਾਇਤਾਂ ਨੂੰ ਹਮੇਸ਼ਾਂ ਸੁਣੋ ਅਤੇ ਇਨ੍ਹਾਂ ਦੀ ਪਾਲਣਾ ਕਰੋ
- ਐਮਰਜੰਸੀ ਵਿੱਚ ਮਦਦ ਕਰਨ ਵਾਲੇ ਮਿੱਥੇ ਗਏ ਰੂਟਾਂ ਵਿੱਚ ਰੁਕਾਵਟ ਨਾ ਪਾਉ

## ਪਰਿਭਾਸ਼ਾਵਾਂ

**ਹਾਈ ਸਟ੍ਰੀਮਫਲੋ ਐਡਵਾਈਜ਼ਰੀ** ਦਾ ਮਤਲਬ ਹੈ ਕਿ ਦਰਿਆ ਦਾ ਪਾਣੀ ਚੜ੍ਹ ਰਿਹਾ ਹੈ ਜਾਂ ਤੇਜ਼ੀ ਨਾਲ ਚੜ੍ਹਣ ਦੀ ਸੰਭਾਵਨਾ ਹੈ, ਪਰ ਵੱਡੇ ਹੜ੍ਹ ਦੀ ਉਮੀਦ ਨਹੀਂ ਹੈ। ਨੀਵੇਂ ਇਲਾਕਿਆਂ ਵਿੱਚ ਹਲਕਾ ਹੜ੍ਹ ਆਉਣ ਦੀ ਸੰਭਾਵਨਾ ਹੈ।

**ਫਲੱਡ ਵਾਚ** ਦਾ ਮਤਲਬ ਹੈ ਕਿ ਦਰਿਆ ਦਾ ਪਾਣੀ ਚੜ੍ਹ ਰਿਹਾ ਹੈ ਅਤੇ ਇਹ ਦਰਿਆ ਦੇ ਕਿਨਾਰੇ ਤੱਕ ਪਹੁੰਚ ਜਾਵੇਗਾ ਜਾਂ ਇਸ ਤੋਂ ਅਗਾਂਹ ਲੰਘ ਸਕਦਾ ਹੈ।

**ਫਲੱਡ ਵਾਰਨਿੰਗ** ਦਾ ਮਤਲਬ ਹੈ ਕਿ ਦਰਿਆ ਦਾ ਪਾਣੀ ਦਰਿਆ ਦੇ ਕੰਢਿਆਂ ਤੋਂ ਅਗਾਂਹ ਲੰਘ ਗਿਆ ਹੈ ਜਾਂ ਛੇਤੀ ਹੀ ਅਗਾਂਹ ਲੰਘ ਜਾਵੇਗਾ, ਅਤੇ ਇਸ ਨਾਲ ਦਰਿਆਵਾਂ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਹੜ੍ਹ ਆਵੇਗਾ।